BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਭਵਿੱਖੀ BramptonU ਲਈ ਅਧਾਰ ਬਣਾ ਰਹੀ ਹੈ

ਬ੍ਰੈਂਪਟਨ, ਓਨਟੈਰੀਓ (24 ਜੁਲਾਈ, 2020) – ਬ੍ਰੈਂਪਟਨ ਵਿੱਚ ਪੂਰੀ, ਮਾਨਤਾ ਪ੍ਰਾਪਤ ਯੂਨੀਵਰਸਿਟੀ ਲਿਆਉਣ ਲਈ, ਅੱਜ ਸਿਟੀ ਨੇ ਆਪਣੇ ਪ੍ਰਸਤਾਵ ਦੇ ਮੁੱਖ ਕਾਰਜਨੀਤੀ ਸਬੰਧੀ ਤੱਥਾਂ ਦਾ ਪ੍ਰੀਵਿਊ (preview of key strategic elements of its proposal) ਰਿਲੀਜ਼ ਕੀਤਾ।

ਪਿਛਲੇ ਸਾਲ ਦੇ ਦੌਰਾਨ, ਸਿਟੀ ਨੇ ਆਪਣੀ ਖੁਦ ਦੀ ਯੂਨੀਵਰਸਿਟੀ, BramptonU ਵਾਸਤੇ ਯੋਜਨਾ ਬਣਾਉਣ ਵਿੱਚ ਮਦਦ ਲਈ, ਸਟੇਕਹੋਲਡਰਾਂ ਅਤੇ ਅੰਤਰਰਾਸ਼ਟਰੀ ਤੌਰ ਤੇ ਪ੍ਰਸਿੱਧ, ਰਾਇਰਸਨ ਯੂਨੀਵਰਸਿਟੀ (Ryerson University), ਯੂਨੀਵਰਸਿਟੀ ਆਫ ਗਲਫ-ਹੰਬਰ (University of Guelph-Humber), ਦ ਲੰਦਨ ਸਕੂਲ ਆਫ ਇਕੋਨੋਮਿਕਸ ਐਂਡ ਪੋਲਿਟੀਕਲ ਸਾਇੰਸ (The London School of Economics and Political Science), ਕਵੀਨ ਮੈਰੀ ਯੂਨੀਵਰਸਿਟੀ ਆਫ ਲੰਦਨ (Queen Mary University of London), ਡੀ2ਐਲ (D2L) ਅਤੇ ਅਲਗੋਮਾ ਯੂਨੀਵਰਸਿਟੀ (Algoma University) ਜਿਹੇ ਸਿੱਖਿਆ ਸੰਸਥਾਨਾਂ ਦੇ ਨਾਲ ਮਿਲ ਕੇ ਕੰਮ ਕੀਤਾ ਹੈ। ਬ੍ਰੈਂਪਟਨ ਵਿੱਚ ਪੋਸਟ ਸੈਕੰਡਰੀ ਸਿੱਖਿਆ ਲਈ, ਇੱਕ ਨਵੇਂ, ਵੱਧ ਤੇਜ਼ ਅਤੇ ਪ੍ਰਗਤੀਸ਼ੀਲ ਮਾੱਡਲ ਦਾ ਪ੍ਰਸਤਾਵ ਰੱਖਿਆ ਜਾ ਰਿਹਾ ਹੈ।

ਸੂਬੇ ਦੇ ਅੱਪਡੇਟ ਕੀਤੇ *ਮੁੱਖ ਸਮਰੱਥਾ ਵਿਸਤਾਰ ਨੀਤੀ ਫ੍ਰੇਮਵਰਕ (Major Capacity Expansion Policy Framework)* ਨੇ, ਓਨਟੈਰੀਓ ਦੇ ਕਾਲੇਜਾਂ ਅਤੇ ਯੂਨੀਵਰਸਿਟੀਆਂ ਲਈ, ਇਸ ਤਰ੍ਹਾਂ ਦੇ ਵਿਸਤਾਰਾਂ ਲਈ ਦਰਵਾਜ਼ੇ ਖੋਲ੍ਹ ਦਿੱਤੇ ਹਨ। ਇਸ ਫ੍ਰੇਮਵਰਕ ਦਾ ਐਲਾਨ ਪਿਛਲੇ ਹਫ਼ਤੇ ਕੀਤਾ ਗਿਆ ਸੀ।

ਪੂਰਾ ਪ੍ਰਸਤਾਵ ਤਿਆਰ ਕਰਨ ਦਾ ਕੰਮ ਜਾਰੀ ਹੈ, ਤਾਂ ਜੋ ਇਸ ਪਤਝੜ ਦੇ ਅੰਤ ਤੱਕ ਇਸਨੂੰ ਓਨਟੈਰੀਓ ਸੂਬੇ ਕੋਲ ਜਮ੍ਹਾਂ ਕੀਤਾ ਜਾ ਸਕੇ:

- ਓਨਟੈਰੀਓ ਸੂਬੇ ਦੇ ਇੱਕ ਅਧਿਨਿਯਮ (Act of the Province of Ontario) ਦੇ ਮੁਤਾਬਕ, ਇੱਕ ਸੁਤੰਤਰ ਜਨਤਕ ਸੰਸਥਾਨ ਵਜੋਂ ਸਥਾਪਤ, ਬ੍ਰੈਂਪਟਨ ਯੂਨੀਵਰਸਿਟੀ (Brampton University) ਨੂੰ 2040 ਤੱਕ ਲਗਭਗ 30,000 ਵਿਦਿਆਰਥੀਆਂ ਲਈ, ਪੂਰੀ ਤਰ੍ਹਾਂ ਵਿਆਪਕ ਜਨਤਕ ਯੂਨੀਵਰਸਿਟੀ ਬਣਾਉਣ ਦਾ ਉਦੇਸ਼ ਹੈ।
- ਪ੍ਰਸਤਾਵਿਤ ਯੂਨੀਵਰਸਿਟੀ ਦੀ ਗਵਰਨੈਂਸ ਕਮਿਟੀ, ਮੌਜੂਦਾ ਸਿੱਖਿਆ ਸਬੰਧੀ ਭਾਈਵਾਲਾਂ, ਲੋਕਲ ਸਰਕਾਰ ਦੇ ਮੈਂਬਰਾਂ, ਕਾਰੋਬਾਰ ਸਟੇਕਹੋਲਡਰਾਂ ਅਤੇ ਪ੍ਰਾਈਮਰੀ ਤੋਂ ਲੈ ਕੇ ਸੈਕੰਡਰੀ ਸਿੱਖਿਆ ਤੱਕ ਦੇ ਭਾਈਵਾਲਾਂ ਨੂੰ ਸ਼ਾਮਲ ਕਰੇਗੀ।
- ਪ੍ਰੋਗਰਾਮਿੰਗ ਦਾ ਫੋਕਸ, ਡਿਜੀਟਲ ਟ੍ਰਾਂਸਫੋਰਮੇਸ਼ਨ (Digital Transformation), ਇਨੋਵੇਸ਼ਨ ਐਂਡ ਸਸਟੇਨਬਿਲਿਟੀ (Innovation and Sustainability) ਵਿਚਲੇ ਸੈਕਟਰਾਂ ਸਮੇਤ, ਮੁੱਖ ਵਿਕਾਸਸ਼ੀਲ ਸੈਕਟਰਾਂ ਨੂੰ ਤਰਜੀਹ ਦੇਣ ਤੇ ਹੋਵੇਗਾ; ਨਾਲ ਹੀ ਸਿਟੀ ਦੇ ਮੁੱਖ ਤਰਜੀਹ ਵਾਲੇ ਆਰਥਿਕ ਖੇਤਰਾਂ ਤੇ ਵੀ ਧਿਆਨ ਦਿੱਤਾ ਜਾਵੇਗਾ, ਜਿਹਨਾਂ ਵਿੱਚ ਸ਼ਾਮਲ ਹਨ: ਐਡਵਾਂਸਡ ਮੈਨਯੂਫੈਕਚਰਿੰਗ (Advanced Manufacturing), ਇਨੋਵੇਸ਼ਨ ਐਂਡ ਟੈਕਨੋਲੋਜੀ (Innovation and Technology), ਫੂਡ ਐਂਡ ਬੈਵਰੇਜ ਪ੍ਰੋਸੈਸਿੰਗ (Food and Beverage Processing) ਅਤੇ ਹੈਲਥ ਐਂਡ ਲਾਈਫ ਸਾਇੰਸਿਜ (Health and Life Sciences)।

ਸਿਟੀ, ਮੌਜੂਦਾ ਪੋਸਟ ਸੈਕੰਡਰੀ ਭਾਈਵਾਲਾਂ ਦੇ ਨਾਲ, ਆਪਣੇ ਲੰਮੀ-ਮਿਆਦ ਦੇ ਰਿਸ਼ਤੇ ਕਾਇਮ ਰੱਖਣ ਲਈ ਵਚਨਬੱਧ ਹੈ, ਇਹਨਾਂ ਵਿੱਚ ਸ਼ਾਮਲ ਹਨ, ਰਾਇਰਸਨ ਯੂਨੀਵਰਸਿਟੀ, ਅਲਗੋਮਾ ਯੂਨੀਵਰਸਿਟੀ ਅਤੇ ਸ਼ੈਰੀਡਨ ਕਾਲੇਜ (Sheridan College)। ਇਹ ਸੰਸਥਾਨ, ਸਿੱਖਿਆ ਸਬੰਧੀ ਨਵੇਂ ਅਤੇ ਆਰਥਿਕ ਮੌਕੇ ਪੈਦਾ ਕਰਦੇ ਹੋਏ, ਬ੍ਰੈਂਪਟਨ ਵਿੱਚ ਲਗਾਤਾਰ ਨਿਵੇਸ਼ ਕਰਕੇ ਵਿਕਸਿਤ ਹੋ ਰਹੇ ਹਨ।

17 ਤੋਂ 19 ਅਗਸਤ ਤੱਕ, ਮੇਅਰ ਪੈਟਰਿਕ ਬ੍ਰਾਊਨ, ਕਾਉਂਸਲਰਸ ਅਤੇ ਸਿਟੀ ਦੇ ਅਧਿਕਾਰੀ, ਐਸੋਸੀਏਸ਼ਨ ਆਫ ਮਿਊਨਿਸਿਪਲਟੀਜ ਆਫ ਓਨਟੈਰੀਓ (ਏ.ਐਮ.ਓ.) (Association of Municipalities of Ontario) (AMO) ਦੀ ਸਾਲਾਨਾ ਕਾਨਫਰੰਸ ਵਿੱਚ ਆਭਾਸੀ ਤੌਰ ਤੇ (ਵਰਚੁਅਲੀ) ਹਿੱਸਾ ਲੈਣਗੇ। ਕਾਉਂਸਿਲ, ਸ਼ਹਿਰ ਲਈ BramptonU ਜਿਹੇ ਮੁੱਖ ਪ੍ਰੋਜੈਕਟਾਂ ਵਾਸਤੇ ਫੰਡਿੰਗ ਅਤੇ ਵਧੇ ਸਹਿਯੋਗ ਲਈ ਹਿਮਾਇਤ ਕਰਨਾ ਜਾਰੀ ਰੱਖੇਗੀ।

BramptonU ਬਾਰੇ ਹੋਰ ਵੇਰਵਿਆਂ ਲਈ, [www.bramptonu.ca](http://www.bramptonu.ca) ਤੇ ਜਾਓ।

## ਹਵਾਲੇ

"ਪਿਛਲੇ ਕੁਝ ਮਹੀਨਿਆਂ ਤੋਂ, ਨੌਕਰੀ ਮਾਰਕੀਟ ਅਤੇ ਜਿਸ ਦੁਨੀਆ ਵਿੱਚ ਅਸੀਂ ਕੰਮ ਕਰਦੇ ਹਾਂ, ਉਹ ਪੂਰੀ ਤਰ੍ਹਾਂ ਬਦਲ ਗਈ ਹੈ – ਇਸ ਨਾਲ ਲੋਕਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਭਵਿੱਖ ਵਿੱਚ ਨੌਕਰੀ ਲਈ ਪਹਿਲਾਂ ਤੋਂ ਕਿਤੇ ਵੱਧ ਕੁਸ਼ਲਤਾਵਾਂ ਦੀ ਲੋੜ ਹੋਵੇਗੀ। ਕੈਨੇਡਾ ਵਿੱਚ ਸਭ ਤੋਂ ਵੱਡੇ ਅਤੇ ਤੇਜ਼ੀ ਨਾਲ ਵਧ ਰਹੇ ਸ਼ਹਿਰਾਂ ਵਿੱਚੋਂ ਇੱਕ ਵਜੋਂ, ਇਹ ਜ਼ਰੂਰੀ ਹੈ ਕਿ ਬ੍ਰੈਂਪਟਨ ਵਿੱਚ ਆਪਣੀ ਖੁਦ ਦੀ ਸੁਤੰਤਰ ਯੂਨੀਵਰਸਿਟੀ ਹੋਵੇ, ਤਾਂ ਜੋ ਸਾਡੇ ਪ੍ਰਤਿਭਾਵਾਨ ਨੌਜਵਾਨਾਂ ਨੂੰ ਵਿਕਸਿਤ ਹੋਣ ਵਿੱਚ ਮਦਦ ਮਿਲ ਸਕੇ, ਜੋ ਸਾਡੇ ਅਰਥਚਾਰੇ ਦੇ ਲਚਕੀਲੇਪਣ ਅਤੇ ਸਫਲਤਾ ਦਾ ਮਹੱਤਵਪੂਰਣ ਹਿੱਸਾ ਹਨ, ਖਾਸ ਕਰਕੇ ਇਸ ਮੁਸ਼ਕਲ ਸਮੇਂ ਦੇ ਦੌਰਾਨ। ਮੈਂ ਪ੍ਰਸ਼ੰਸਾ ਕਰਦਾ ਹਾਂ ਕਿ ਸੂਬੇ ਨੇ ਪੋਸਟ ਸੈਕੰਡਰੀ ਸਿੱਖਿਆ ਦੀ ਉੱਭਰਦੀ ਅਤੇ ਮਹੱਤਵਪੂਰਣ ਭੂਮਿਕਾ ਨੂੰ ਪਛਾਣਿਆ। ਮੈਂ ਇਸ ਬਾਰੇ ਹੋਰ ਵਿਚਾਰ-ਵਟਾਂਦਰਿਆਂ ਲਈ ਉਤਸ਼ਾਹਿਤ ਹਾਂ ਕਿ ਅਸੀਂ ਸਾਡੇ ਭਵਿੱਖ ਦੇ ਕਾਰਜਬਲ ਵਿੱਚ ਕਿਵੇਂ ਬਿਹਤਰ ਨਿਵੇਸ਼ ਕਰ ਸਕਦੇ ਹਾਂ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਇਸ ਵੇਲੇ ਅਸੀਂ ਪ੍ਰਤੱਖ ਤੌਰ ਤੇ ਦੇਖ ਰਹੇ ਹਾਂ ਕਿ ਕੰਮ ਅਤੇ ਸਿੱਖਿਆ, ਦੋਵਾਂ ਦੇ ਪਰੰਪਰਿਕ ਮਾੱਡਲ ਕਿਵੇਂ ਬਦਲ ਰਹੇ ਹਨ। ਸਾਡਾ BramptonU ਦਾ ਪ੍ਰਸਤਾਵ, ਸਿੱਖਿਆ ਪ੍ਰਦਾਨ ਕਰਨ ਦੇ ਨਵੇਂ, ਪ੍ਰਗਤੀਸ਼ੀਲ ਅਤੇ ਪੁੱਜਣਯੋਗ ਤਰੀਕੇ ਦੇ ਆਧਾਰ ਤੇ ਤਿਆਰ ਕੀਤਾ ਗਿਆ ਹੈ, ਜੋ ਇਸ ਬਦਲਦੀ ਸਥਿਤੀ ਦੇ ਅਨੁਕੂਲ ਹੈ। ਬ੍ਰੈਂਪਟਨ ਵਿੱਚ ਤਿਆਰ ਕੀਤਾ ਗਿਆ ਇਹ ਹੱਲ, ਸਾਡੇ ਪ੍ਰਤਿਭਾਵਾਨ ਨੌਜਵਾਨਾਂ ਨੂੰ ਅੱਗੇ ਵਧਣ ਵਿੱਚ ਮਦਦ ਕਰੇਗਾ ਅਤੇ ਉਹਨਾਂ ਨੂੰ ਸਾਡੇ ਵਧਦੇ ਅਰਥਚਾਰੇ ਦੇ ਮਹੱਤਵਪੂਰਣ ਹਿੱਸੇ ਦੇ ਤੌਰ ਤੇ ਇੱਥੇ ਹੀ ਰੱਖੇਗਾ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਸਾਨੂੰ ਪਤਾ ਹੈ ਕਿ ਬ੍ਰੈਂਪਟਨ ਦੇ 83% ਨਿਵਾਸੀ, ਬ੍ਰੈਂਪਟਨ ਯੂਨੀਵਰਸਿਟੀ ਚਾਹੁੰਦੇ ਹਨ ਅਤੇ ਬ੍ਰੈਂਪਟਨ ਦੇ 82% ਨਿਵਾਸੀ ਵੱਧ ਲਚਕੀਲੇ ਯੂਨੀਵਰਸਿਟੀ ਪ੍ਰੋਗਰਾਮ ਚਾਹੁੰਦੇ ਹਨ। ਅਸੀਂ ਸਿਖਲਾਈ ਅਤੇ ਅਨੁਭਵਾਂ ਦੇ ਪ੍ਰਕਾਰਾਂ ਬਾਰੇ ਸਾਡੇ ਨੌਜਵਾਨਾਂ ਦੀ ਰਾਏ ਲਈ ਹੈ, ਜੋ ਉਹ ਕਾਰਜਬਲ ਵਾਸਤੇ ਤਿਆਰੀ ਕਰਨ ਲਈ ਚਾਹੁੰਦੇ ਹਨ। ਮੁੱਖ ਵਿਸ਼ਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਅੰਤਰਰਾਸ਼ਟਰੀ ਤੌਰ ਤੇ ਪ੍ਰਸਿੱਧ ਸਿੱਖਿਆ ਸੰਸਥਾਨਾਂ ਦੀ ਰਾਏ ਲੈ ਕੇ, ਉਹਨਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਮੈਨੂੰ ਯਕੀਨ ਹੈ ਕਿ ਅਸੀਂ ਅਜਿਹਾ ਆਧੁਨਿਕ ਹੱਲ ਵਿਕਸਿਤ ਕੀਤਾ ਹੈ, ਜੋ ਅਸਲੀ ਲੋੜਾਂ ਤੇ ਧਿਆਨ ਦਿੰਦਾ ਹੈ ਅਤੇ ਇਹ ਸਾਡੇ ਨੌਜਵਾਨਾਂ ਨੂੰ, ਭਵਿੱਖ ਵਿੱਚ ਸਫਲਤਾ ਲਈ ਤਿਆਰ ਕਰੇਗਾ।"

*- ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਦੀ ਸੰਭਾਵਿਤ ਨੌਕਰੀ ਕਰਨ ਵਾਲੀ ਨੌਜਵਾਨ ਅਤੇ ਵਿਕਾਸਸ਼ੀਲ ਅਬਾਦੀ, ਸਾਡੇ ਸ਼ਹਿਰ ਅਤੇ ਰੀਜਨ ਦੇ ਆਰਥਿਕ ਵਾਧੇ ਅਤੇ ਮੁਕਾਬਲੇਦਾਰੀ ਲਈ ਮਹੱਤਵਪੂਰਣ ਹੈ। ਸਿਟੀ ਲਗਾਤਾਰ ਲੋਕਲ ਕਾਰੋਬਾਰੀਆਂ, ਸਿੱਖਿਆ ਸਬੰਧੀ ਭਾਈਵਾਲਾਂ, ਭਾਈਚਾਰਕ ਸਟੇਕਹੋਲਡਰਾਂ ਅਤੇ ਸਰਕਾਰ ਦੇ ਹੋਰ ਅਮਲਿਆਂ ਨਾਲ

ਮਿਲ ਕੇ ਕੰਮ ਕਰ ਰਹੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ BramptonU ਲਈ ਸਾਡੀ ਯੋਜਨਾ, ਮੌਜੂਦਾ ਲੋੜਾਂ ਤੇ ਅਤੇ ਸਾਡੇ ਇੰਪਲਾਇਰਸ ਅਤੇ ਕਾਰਜਬਲ ਲਈ ਭਵਿੱਖ ਦੇ ਮੌਕਿਆਂ ਤੇ ਧਿਆਨ ਦਿੰਦੀ ਹੈ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca